International Journal of Applied Research 2022; 8(6): 357-361




**ISSN Print:** 2394-7500
**ISSN Online:** 2394-5869
**Impact Factor:** 8.4
IJAR 2022; 8(6): 357-361
www.allresearchjournal.com
Received: 22-03-2022
Accepted: 10-05-2022

**Dr. Harbans Singh**
**(ਡਾ. ਹਰਬੰਸ ਸਿੰਘ)**
Professor,
Department of Punjabi,
Sri Guru Tegh Bahadur Khalsa
College, University of Delhi,
Delhi, India

**Correspondence**
**Dr. Harbans Singh**
**(ਡਾ. ਹਰਬੰਸ ਸਿੰਘ)**
Professor,
Department of Punjabi,
Sri Guru Tegh Bahadur Khalsa
College, University of Delhi,
Delhi, India

# ਭਗਤ ਰਵਿਦਾਸ-ਬਾਣੀ ਦਾ ਵਿਵਹਾਰਿਕ ਦ੍ਰਿਸ਼ਟੀਕੋਣ

**Dr. Harbans Singh (ਡਾ. ਹਰਬੰਸ ਸਿੰਘ)**

**DOI:** https://doi.org/10.22271/allresearch.2022.v8.i6e.11199

ਭਗਤ ਰਵਿਦਾਸ ਜੀ ਨਿਰਗੁਣ ਧਾਰਾ ਦੇ ਸ਼ਿਰੋਮਣੀ ਭਗਤ ਹਨ ਜਿਨ੍ਹਾਂ ਨੂੰ ਗੁਰੂ ਸਾਹਿਬਾਨ ਨੇ ਸਤਿਕਾਰ ਵਜੋਂ ਭਗਤ ਅਤੇ ਸੰਗਤ ਵੱਲੋਂ ਗੁਰੂ ਰਵਿਦਾਸ ਜੀ ਕਰਕੇ ਸਤਿਕਾਰਿਆ ਹੈ। ਆਪ ਜੀ ਦਾ ਭਗਤੀ ਲਹਿਰ ਤੇ ਅਧਿਆਤਮਿਕ ਦਰਸ਼ਨ ਵਿਚ ਵੱਡਮੁੱਲਾ ਯੋਗਦਾਨ ਹੈ। ਆਪ ਜੀ ਦੀ ਬਾਣੀ ਦਾ ਪ੍ਰਮਾਣਿਕ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਹਿਬ ਵਿਚ ਗੁਰੂ ਅਰਜਨ ਦੇਵ ਜੀ ਵੱਲੋਂ ਸ਼ਾਮਿਲ (40) ਚਾਲੀ ਸ਼ਬਦ ਹਨ।
ਭਗਤ ਰਵਿਦਾਸ ਜੀ ਬਾਣੀ ਵਿਚੋਂ ਮਾਨਵ ਜੀਵਨ ਦੇ ਵਿਵਹਾਰਿਕ ਨਿਰਵਾਹ ਲਈ ਦੋ ਪ੍ਰਕਾਰ ਦੇ ਦ੍ਰਿਸ਼ਟੀਕੋਣ ਪ੍ਰਾਪਤ ਹੁੰਦੇ ਹਨ। ਪਹਿਲਾ ਦ੍ਰਿਸ਼ਟੀਕੋਣ 'ਮਾਇਆ' ਨਾਲ ਸੰਬੰਧਤ ਹੈ। ਦੂਸਰੇ ਦ੍ਰਿਸ਼ਟੀਕੋਣ ਦਾ ਸੰਬੰਧ ਪ੍ਰੇਮਾ ਭਗਤੀ ਨਾਲ ਹੈ।
ਭਗਤ ਰਵਿਦਾਸ ਜੀ ਬਾਣੀ ਦੇ ਪਹਿਲੇ ਦ੍ਰਿਸ਼ਟੀਕੋਣ ਮਾਇਆ ਦੇ ਸਰੋਕਾਰਾਂ ਨੂੰ ਪਹਿਲਾਂ ਸਮਝਦੇ ਹਾਂ। ਭਾਰਤੀ ਦਰਸ਼ਨ ਵਿਚ ਮਾਇਆ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀ ਜਨਨੀ ਸਵੀਕਾਰੀ ਗਈ ਹੈ। ਇਹ ਵਿਕਾਰ ਮਨ ਦੇ ਅਨੈਤਿਕ ਅਵਗੁਣਾਂ ਨਾਲ ਸੰਬੰਧਤ ਹਨ। ਮਨੁੱਖ ਸਮਾਜਿਕ ਪ੍ਰਾਣੀ ਹੋਣ ਕਰਕੇ ਚੰਗੇ-ਬੁਰੇ ਤੇ ਨੇਕ-ਭੈੜੇ ਵਿਵਹਾਰ ਪ੍ਰਤੀ ਜਾਗਰੂਕ ਰਹਿਣ ਦਾ ਯਤਨ ਕਰਦਾ ਹੈ ਫਿਰ ਵੀ ਮਨੁੱਖੀ ਮਨ ਮਾਇਅਕ ਦੂਤਾਂ ਦੇ ਅਕ੍ਰਿਸ਼ਣ ਪ੍ਰਭਾਵ ਵਿਚ ਬੜੀ ਤੇਜ਼ੀ ਨਾਲ ਫੱਸ ਜਾਂਦਾ ਉਸ ਨੂੰ ਆਪਣੇ ਮੂਲ ਦੀ ਪਛਾਣ ਲਈ ਮਿਲੀ ਸਿੱਖਿਆ ਭੁੱਲ ਜਾਂਦੀ ਹੈ।

ਗੁਰੂ ਮਿਲਿ ਚਜੁ ਆਚਾਰੁ ਸਿਖੁ ਤੁਧੁ ਕਦੇ ਨਾ ਲਗੈ ਦੁਖੁ॥ [1]

ਭਗਤ ਰਵਿਦਾਸ ਜੀ ਦੀ ਬਾਣੀ ਦੇ ਅਧਿਆਤਮਕ ਪਮਾਰ ਅਨੁਮਾਰ ਜੀਵ ਆਤਮਾ ਪਰਮਾਤਮਾ ਦਾ ਅੰਸ਼ ਹੋਣ ਕਰਕੇ ਕੋਈ ਅੰਤਰ ਨਹੀਂ ਹੋਣਾ ਚਾਹੀਦਾ। ਸੰਸਾਰ ਵਿਚ ਵਿਚਰਦੇ ਸਾਰੇ ਮਨੁੱਖ ਇਸ ਅਵਸਥਾ ਦੇ ਧਾਰਣੀ ਨਹੀਂ ਹਨ। ਭਗਤ ਜੀ ਅਨੁਸਾਰ ਇਸ ਦਾ ਕਾਰਨ ਅਵਿੱਦਿਆ ਹੈ। ਇਹ ਸਥਿਤੀ ਭਰਮ ਮੂਲਕ ਤੇ ਅਗਿਆਨਤਾ ਵਾਲੀ ਹੈ। ਇਹ ਸੱਚ-ਝੂਠ ਤੇ ਚੰਗੇ-ਬੁਰੇ ਵਿਵਹਾਰ ਨੂੰ ਪ੍ਰਖੱਣ ਵਾਲੀ ਮਤ ਨੂੰ ਧੁੰਧਲੀ ਤੇ ਮਲੀਨ ਕਰ ਦਿੰਦੀ ਹੈ।

ਮਾਧੋ ਅਬਿਦਿਆ ਹਿਤ ਕੀਨ॥
ਬਿਬੇਕ ਦੀਪ ਮਲੀਨ॥
ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਮੋਚ॥
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤ ਪੋਚ॥ [2]

ਇਸ ਸ਼ਬਦ ਵਿਚ ਭਗਤ ਰਵਿਦਾਸ ਜੀ ਅਨੁਸਾਰ ਹੋਰ ਜੀਵ-ਜੰਤੂ ਵਿਚਾਰਹੀਨ ਹੋਣ ਕਰਕੇ ਉਨ੍ਹਾਂ ਦਾ ਪੁੰਨ-ਪਾਪ ਦੀ ਪ੍ਰਕਿਰਿਆ ਤੋਂ ਬੇ-ਖ਼ਬਰ ਹੋਣਾ ਕੁਦਰਤੀ ਵਰਤਾਰਾ ਹੈ। ਮਨੁੱਖ ਚੇਤਨ-ਮੁੱਖੀ ਹੈ, ਇਸ ਪਾਸ ਸੋਚਣ, ਸਮਝਣ, ਸੁਣਨ, ਦੇਖਣ ਦੀ ਅਸੀਮ ਸ਼ਕਤੀ ਹੈ ਮਨੁੱਖ ਜਨਮ ਨੂੰ ਇਸੇ ਕਰਕੇ ਅਮੋਲਕ ਕਿਹਾ ਗਿਆ ਹੈ। ਮਨੁੱਖੀ ਮਨ ਦੀ ਸਥਿਤੀ ਅਗਿਆਨਤਾ ਭਰਮ-ਮੁੱਖੀ ਹੋਣ ਦਾ ਕਾਰਨ ਆਪਣੇ ਮਨ ਦੇ ਮੂਲ ਸ੍ਰੋਤ ਅੰਤਰ-ਆਤਮਾ ਧਰਮ ਭਾਵੀ ਨੈਤਿਕ ਗੁਣਾਂ ਦੇ ਸੰਪਰਕ ਟੁੱਟਣ

ਕਰਕੇ ਬਾਹਰਮੁੱਖੀ ਮੰਦ-ਭਾਵੀ ਅਨੈਤਿਕ ਗੁਣਾਂ ਨਾਲ ਅਭੇਦ ਹੋਣਾ ਹੈ। ਮਾਇਆ ਦੇ ਅਵਿੱਦਿਆ ਪ੍ਰਭਾਵਾਂ ਕਰਕੇ ਮਨ ਦੀ ਅੰਦਰਲੀ ਬਿਬੇਕ-ਬੁੱਧੀ ਤੇ ਪਰਦਾ ਪੈ ਚੁੱਕਾ ਹੈ। ਅਵਿੱਦਿਅਕ ਅਨੈਤਿਕ ਅਵਗੁਣਾਂ ਨੇ ਮਨ ਦੀ ਸਹਿਜਤਾ ਨੂੰ ਭੰਗ ਕਰਕੇ ਅਸਹਿਜਤਾ ਨੂੰ ਜਨਮ ਦਿੱਤਾ, ਇਹ ਮਨ ਦੀ ਬਾਹਰਮੁੱਖੀ ਸਥਿਤੀ ਹੈ। ਮਨ ਨੂੰ ਬਾਹਰਮੁੱਖੀ ਸਥਿਤੀ ਵਿਚ ਲਿਆਉਣ ਵਿਚ ਮਾਇਆਵੀ ਪੰਜ ਵਿਕਾਰ ਸਹਾਈ ਹੁੰਦੇ ਹਨ।

ਭਗਤ ਰਵਿਦਾਸ ਜੀ ਮਾਇਆਵੀ ਪ੍ਰਭਾਵ ਨੂੰ ਸਪਸ਼ਟ ਕਰਨ ਲਈ ਹਿਰਨ, ਮੱਛੀ, ਭੌਰੇ, ਪਤੰਗੇ, ਹਾਥੀ ਆਦਿ ਦੀਆਂ ਉਦਾਹਰਣਾਂ ਪੇਸ਼ ਕਰਦੇ ਹੋਏ ਫ਼ੁਰਮਾਉਂਦੇ ਹਨ ਇਨ੍ਹਾਂ ਜੀਵਾਂ ਦਾ ਇੱਕ-ਇੱਕ ਅਨੈਤਿਕ ਅਵਗੁਣਾਂ ਵਿਚ ਘਿਰੇ ਹੋਣਾ ਮੌਤ ਦਾ ਕਾਰਨ ਬਣਦਾ ਹੈ। ਜਿਵੇਂ ਹਿਰਨ ਘੰਡੇ-ਹੇੜਾ (ਘੰਡੇਹੇੜਾ ਸਾਜ ਘੜੇ ਦੇ ਮੂੰਹ ਤੇ ਚਮੜਾ ਮੜ੍ਹ ਕੇ ਸੰਗੀਤਕ ਧੁਨ ਪੈਦਾ ਕਰਨ ਲਈ ਤਿਆਰ ਕੀਤਾ ਜਾਂਦਾ ਹੈ) ਦਾ ਸੰਗੀਤ ਸੁਣ ਕੇ ਸ਼ਿਕਾਰੀ ਦੇ ਜਾਲ ਵਿਚ ਫੱਸ ਜਾਂਦਾ ਹੈ। ਮੱਛੀ ਨੂੰ ਜੀਭ ਦਾ ਸੁਆਦ ਸ਼ਿਕਾਰੀ ਦੇ ਕੰਡੇ ਵਿਚ ਫਸਾ ਲੈਂਦਾ ਹੈ। ਭੰਵਰ ਰਸ ਪਤੰਗਾ ਦ੍ਰਿਸ਼-ਰੋਗ (ਭਾਵ ਦੇਖਣ ਦਾ ਰੋਗੀ ) ਹੋਣ ਕਰਕੇ ਦੀ ਦੀਵੇ ਦੀ ਲੋਅ ਵਿਚ ਸੜ ਕੇ ਮਰ ਜਾਂਦਾ ਹੈ। ਮਨੁੱਖ ਮਨ ਨੂੰ ਤਾਂ ਪੰਜ ਅਸਾਧ ਰੋਗ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਲੱਗੇ ਹੋਏ ਹਨ।ਮਨੁੱਖ ਨੂੰ ਇਨ੍ਹਾਂ ਅਨੈਤਿਕ ਅਵਗੁਣਾਂ ਦਾ ਗਿਆਨ ਪ੍ਰਾਪਤ ਹੈ ਪਰ ਮਾਇਆਵੀ ਅਵਿੱਦਿਆ ਮਤ ਹੋਣ ਕਰਕੇ ਅਨੈਤਿਕ ਅਵਗੁਣਾਂ ਦੀ ਘੁੰਮਣਘੇਰੀ ਰਾਹੀਂ ਆਪਣਾ ਜਨਮ ਨੂੰ ਬੇ-ਅਰਥ ਕਰ ਲੈਂਦਾ ਹੈ। ਮਨੁੱਖੀ ਮਨ ਵਿਚ ਆਪਣੀ ਹੋਂਦ ਦੇ ਦੁਰਲੱਭ ਹੋਣ ਦਾ ਅਹਿਸਾਸ ਧੁੰਧਲਾ ਪੈਣ ਕਰਕੇ ਸੰਸਾਰਕ ਪਦਾਰਥਾਂ ਦੀ ਖਿੱਚ ਵਿਚ ਘਿਰ ਜਾਂਦਾ ਹੈ। ਸੰਸਾਰਕ ਰਸਾਂ-ਕਸਾਂ ਦੇ ਲੁਭਾਏ ਮਾਨ ਸੁਆਦ ਮਨ ਦਾ ਸੰਪਰਕ ਆਪਣੇ ਮੂਲ ਸ੍ਰੋਤ ਤੋਂ ਭੁਲਾ ਦਿੰਦੇ ਹਨ। ਮਨ ਮਾਇਆ ਦੇ ਦਿਨ-ਰਾਤ ਕਾਲ-ਚੱਕਰ ਵਿਚ ਫਸ ਕੇ ਬੇ-ਬੱਸ ਆਪਣਾ ਅਮੋਲਕ ਜਨਮ ਬੇ-ਅਰਥ ਗੁਆ ਲੈਂਦਾ ਹੈ।

> ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
> ਪੰਜ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥ [3]

ਭਗਤ ਰਵਿਦਾਸ ਜੀ ਅਨੁਸਾਰ ਮਨੁੱਖੀ ਜਨਮ ਪਿਛਲੇ ਜਨਮਾਂ ਵਿਚ ਕੀਤੇ ਸ਼ੁਭ ਕਾਰਜਾਂ ਤੇ ਪੁੰਨ ਕਰਮਾਂ ਕਰਕੇ ਪ੍ਰਾਪਤ ਹੋਇਆ। ਮਨੁੱਖ ਦੇ ਅਬਿਬੇਕ (ਗਿਆਨਹੀਨ) ਅਨੈਤਿਕ ਕਾਰਜ ਮਨੁੱਖੀ ਜਨਮ ਦੇ ਅਸਲ ਮਨੋਰਥ ਨੂੰ ਭੁੱਲਾ ਦਿੰਦੇ ਹਨ, ਤੇ ਆਪਣਾ ਅਮੋਲਕ ਜੀਵਨ ਬੇ-ਅਰਥ ਗੁਆ ਬੈਠਦਾ ਹੈ।

> ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥
> ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨਪਰੈ ਅਪਰ ਮਾਇਆ॥ [4]

ਮਨ ਮਾਇਆ ਦੇ ਪ੍ਰਭਾਵ ਅਧੀਨ ਕਹਿੰਦਾ ਕੁਝ ਹੋਰ ਹੈ ਪਰ ਕਰਦਾ ਕੁਝ ਹੋਰ ਹੈ। ਇਸ ਕਰਨੀ ਤੇ ਕਥਨੀ ਦੇ ਅੰਤਰ ਕਾਰਨ ਮਨੁੱਖ ਚੰਗੇ-ਮੰਦੇ ਅਨੈਤਿਕ ਅਵਗੁਣਾਂ ਦੇ ਵਿਵਹਾਰਿਕ ਦੇ ਸੰਘਰਸ਼ ਵਿਚੋਂ ਗੁਜ਼ਰਦਾ ਹੈ। ਚੇਤਨਾ ਭ੍ਰਮ-ਭੁਲੇਖੇ ਦਾ ਸ਼ਿਕਾਰ ਹੋ ਜਾਂਦੀ ਹੈ। ਮਨ ਮਾਇਆਵੀ ਪੰਜਾਂ ਦੂਤਾਂ ਵੱਲੋਂ ਸਿਰਜੀ ਤਰਸ਼-ਯੋਗ ਅਮਾਨਵੀ ਅਨੈਤਿਕ ਸਥਿਤੀ ਵਿਚ ਫੱਸ ਜਾਂਦਾ ਹੈ।

> ਨਾਥ ਕਛੂਅ ਨ ਜਾਨਉ॥
> ਮਨ ਮਾਇਆ ਕੈ ਹਾਥਿ ਬਿਕਾਨਉ॥
> ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥
> ਪਲੁ ਪਲ ਹਰਿ ਜੀ ਤੇ ਅੰਤਰੁ ਪਾਰਿਓ॥
> ਜਤ ਦੇਖੀ ਤਤ ਦੁਖ ਕੀ ਰਾਸੀ॥
> ਅਜੌ ਨ ਪਤ੍ਯਾਇ ਨਿਗਮ ਭਏ ਸਾਖੀ॥ [5]

ਭਗਤ ਜੀ ਅਨੁਸਾਰ ਜਦੋਂ ਮਨ ਮਾਇਆ ਦੇ ਪ੍ਰਭਾਵ ਅਧੀਨ ਕਾਰਜਸ਼ੀਲ ਹੁੰਦਾ ਉਦੋਂ ਮਨ ਦੀ ਇੱਕਾਗਰਤਾ ਭੰਗ ਹੋ ਜਾਂਦੀ ਹੈ। ਖੰਡਿਤ ਮਾਨਸਿਕਤਾ ਜੀਵ-ਆਤਮਾ ਤੇ ਪਰਮਾਤਮਾ ਵਿਚਕਾਰ ਅੰਤਰ ਵਧਾਉਣ ਦਾ ਕਾਰਨ ਬਣਦੀ ਹੈ। ਮਨ ਮਾਇਆ ਦੇ ਕਾਲ (ਸਮੇਂ) ਵੱਸ ਹੋਣ ਕਰਕੇ ਪੰਜੇ ਵਿਕਾਰ ਮਨ ਨੂੰ ਆਪਣੇ ਖ਼ਿਆਲ ਵੱਲ ਪ੍ਰੇਰਿਤ ਕਰਦੇ ਹਨ।

ਮਨ ਖੰਡਿਤ ਹੋਣ ਕਰਕੇ ਉਸ ਨੂੰ ਪਰਮਾਤਮਾ ਪਾਸੋਂ ਪ੍ਰਾਪਤ ਅਸੀਮ ਸ਼ਕਤੀਆਂ ਦੇ ਮਿਲਣ ਦੀ ਆਸ ਘੱਟਣ ਲੱਗ ਜਾਂਦੀ ਹੈ ਤੇ ਮਨ ਦਾ ਭਰੋਸਾ ਧੁੰਧਲਾ ਪੈ ਜਾਂਦਾ ਹੈ। ਅਨੈਤਿਕ ਪ੍ਰਭਾਵ ਦੇ ਪ੍ਰਗਟਾਉ ਨੂੰ ਹੇਠਲੇ ਸ਼ਬਦ ਰਾਹੀਂ ਸਮਝਦੇ ਹਾਂ।

> ਦੇਵ ਸੰਸੈ ਗਾਂਠਿ ਨ ਛੂਟੈ॥
> ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੈ। [6]

ਇਨ੍ਹਾਂ ਪੰਜਾਂ ਵਿਕਾਰਾਂ ਨੇ ਮਨੁੱਖ ਸਾਮ੍ਹਣੇ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਮਨੁੱਖ ਸਮਾਜਿਕ ਪ੍ਰਾਣੀ ਹੋਣ ਕਰਕੇ ਗ੍ਰਹਿਸਤੀ ਹੈ। ਗ੍ਰਹਿਸਤਾ ਦਾ ਨਿਰਵਾਹ ਅੰਤਰਮੁੱਖੀ ਮਨ ਨਾਲ ਸਹਿਜੇ ਹੀ ਵਿਕਸਿਤ ਤੇ ਵਿਗਾਸਤ ਹੁੰਦਾ ਆ ਰਿਹਾ ਹੈ। ਪੰਜਾਂ ਵਿਕਾਰਾਂ ਦੇ ਅਨੈਤਿਕ ਅਵਗੁਣਾਂ ਦੇ ਪ੍ਰਭਾਵ ਨਾਲ ਮਨੁੱਖੀ ਗ੍ਰਹਿਸਤ ਦੀ ਏਕਤਾ ਭੰਗ ਹੋਣ ਕਾਰਨ ਜੀਵਨ ਖੰਡਿਤ ਹੋ ਜਾਂਦਾ ਹੈ ਜਿਸਦੇ ਮਾੜੇ ਵਿਵਹਾਰਕ ਪ੍ਰਭਾਵ ਨਜ਼ਰ ਆਉਂਦੇ ਹਨ। ਸਮਾਜਿਕ ਤੌਰ ਤੇ ਪੰਜੇ ਵਿਕਾਰਾਂ ਦੇ ਪ੍ਰਭਾਵ ਨੂੰ ਦੇਖ ਕੇ ਅਖਾਣ ਬਣ ਚੁੱਕੇ ਜ਼ਰ, ਜੋਰੂ ਜ਼ਮੀਨ ਦੇ ਖਿਆਲਾਤ ਨੇ ਨਿਜੀ ਭਾਵਨਾਵਾਂ ਨੂੰ ਵਿਕਸਿਤ ਕੀਤਾ। ਨਤੀਜੇ ਵੱਜੋਂ ਸੰਸਾਰ ਵਿਚ ਨਿਜੀ ਭਾਵਨਾਵਾਂ ਨੂੰ ਲੈਕੇ ਅਨੇਕਾਂ ਮਾਰੂ ਜੰਗਾਂ ਹੋ ਚੁੱਕਿਆਂ ਹਨ। ਇਸ ਤਰ੍ਹਾਂ ਸਮਾਜਿਕ ਭਾਈਚਾਰੇ ਵਿਚ ਬੇ-ਵਿਸ਼ਵਾਸੀ ਤੇ ਨਫ਼ਰਤ ਅਤੇ ਕਠੋਰਤਾ ਪੈਦਾ ਹੁੰਦੀ ਹੈ। ਮਨੁੱਖੀ ਮਨ ਨੂੰ ਸ਼ਾਂਤ ਕਰਨ ਵਾਲਿਆਂ ਭਾਵਨਾਵਾਂ ਖਿਮਾਂ, ਹਲੇਮੀ, ਪਿਆਰ, ਸਤਿਕਾਰ ਵਾਲੇ ਨੈਤਿਕ ਗੁਣਾਂ ਦੀ ਥਾਂ ਅਨੈਤਿਕ ਅਵਗੁਣ ਪ੍ਰਭਾਵ ਸਿਰਜਦੇ ਹਨ। ਅਨੈਤਿਕ ਅਵਗੁਣ ਸੰਸਿਆ, ਬੇ-ਵਿਸ਼ਵਾਸੀ, ਪੀੜਾ ਤੇ ਕੱਟਰਤਾ ਦੁਆਰਾ ਵਧੇਰੇ ਜ਼ੋਰ ਫੜ ਜਾਂਦੀ ਹੈ। ਵਿਕਾਰਾਂ ਦੀ ਪੱਕੀ ਗੱਠ ਪੈ ਜਾਂਦੀ ਹੈ। ਮਨੁੱਖ ਵੱਲੋਂ ਕੀਤੇ ਧਾਰਮਿਕ ਕਾਰਜ ਵੀ ਅਰਥਹੀਨ ਹੀ ਹੋ ਜਾਂਦੇ ਹਨ। ਇਸ ਦਾ ਕਾਰਨ ਵਿਕਾਰਾਂ ਦੀ ਗੱਠ ਮਨ ਦੀ ਅੰਤਰਮੁਖੱਤਾ ਵਿਚ ਭਟਕਣ ਪੈਦਾ ਕਰਕੇ, ਉਸ ਨੂੰ ਬਾਹਰਮੁਖੀ ਬਣਾ ਦਿੰਦੀ ਹੈ।

ਮਾਇਆ ਦੀ ਸ਼ਕਤੀਆਂ ਮਨ ਦੀ ਸਮਝ ਤੇ ਪਰਦਾ ਪਾ ਕੇ ਜੀਵ-ਆਤਮਾ ਦਾ ਪਰਮਾਤਮਾ ਨਾਲ ਮਿਲਾਪ ਵਿਚ ਦੂਰੀ

ਸਥਾਪਿਤ ਕਰਦੀ ਹੈ। ਇਸ ਸਥਿਤੀ ਵਿਚ ਮਨ ਅਨੈਤਿਕਤਾ ਦੀ ਨੀਵੀਂ ਪੱਧਰ ਤੱਕ ਚਲਾ ਜਾਂਦਾ ਹੈ। ਮਨ ਨੂੰ ਪਰਮਾਤਮਾ ਤੋਂ ਮਿਲੀਆਂ ਅਸੀਮ ਸ਼ਕਤੀਆਂ ਦਾ ਸਾਥ ਵਿੱਛੜ ਜਾਂਦਾ ਹੈ।

ਭਗਤ ਰਵਿਦਾਸ ਜੀ ਮਾਇਆ ਵੱਜੋਂ ਸਿਰਜੀ ਅਨੈਤਿਕ ਸਥਿਤੀ ਦਾ ਸਪਸ਼ਟੀਕਰਣ ਦੇਣ ਲਈ ਭਾਰਤੀ ਮਿਥਿਹਾਸਕ ਦੇਵ ਪਾਤਰਾਂ ਦੇ ਹਵਾਲਿਆਂ ਨਾਲ ਇੰਦਰ ਦੇਵਤੇ, ਬ੍ਰਹਮਾ ਜੀ ਦਾ ਜ਼ਿਕਰ ਕਰਦੇ ਹਨ। ਇਨ੍ਹਾਂ ਨੂੰ ਭਾਰਤੀ ਦਰਸ਼ਨ ਵਿਚ ਬਹੁਤ ਮਾਣ-ਸਤਿਕਾਰ ਪ੍ਰਾਪਤ ਹੈ। ਇਹ ਦੇਵ ਪਾਤਰ ਮਾਇਆ ਦੇ ਦੂਤ ਕਾਮ ਸ਼ਕਤੀ ਦੇ ਪ੍ਰਭਾਵ ਤੋਂ ਬੱਚ ਨਹੀਂ ਸਕੇ। ਮਾਇਆ ਦੇ ਪ੍ਰਭਾਵ ਹੇਠ ਇਕ ਸਮੇਂ ਬ੍ਰਹਮਾ ਦੇਵਤਾ ਆਪਣੀ ਧੀ ਪ੍ਰਤੀ ਮੋਹਿਤ ਹੋ ਗਿਆ। ਧੀ ਆਪਣੇ ਬਚਾਵ ਵਿਚ ਜਿੱਧਰ ਨੂੰ ਜਾਂਦੀ ਬ੍ਰਹਮਾ ਉਸ ਦਾ ਪਿਛੱਾ ਕਰਨ ਲਈ ਲਈ ਇੱਕ ਨਵਾਂ ਮੂੰਹ ਬਣਾ ਲੈਂਦੇ ਸਨ। ਇੰਦਰ ਦੇਵਤੇ ਦਾ ਭਾਰਤੀ ਹਿਰਦਿਆਂ ਵਿਚ ਬੜਾ ਸਤਿਕਾਰ, ਉਸ ਨਾਲ ਬਹੁਤ ਸਾਰਿਆਂ ਆਸ਼ਾਂ ਇੱਛਾ ਪੂਰਤੀ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਇੰਦਰ ਦੇਵਤਾ ਮਾਇਆ ਦੇ ਪ੍ਰਭਾਵ ਅਧੀਨ ਆ ਕੇ ਮਹਾ-ਰਿਸ਼ੀ ਗੌਤਮ ਦੀ ਪਤਨੀ ਅਹੱਲਿਆ ਨਾਲ ਗੌਤਮ ਰਿਸ਼ੀ ਦਾ ਰੂਪ ਧਾਰਨ ਕਰਕੇ ਕਾਮੁਕ ਗਵਾਨ ਕਰਦੇ ਹਨ।ਭਗਤ ਰਵਿਦਾਸ ਜੀ ਫ਼ੁਰਮਾਉਂਦੇ ਹਨ ਕਿ ਮਾਇਆ ਆਪਣੇ ਭਰਮ ਜਾਲ ਵਿਚ ਫਸਾ ਕੇ ਮਨੁੱਖੀ ਮਤ ਨੂੰ ਅਨੈਤਿਕ ਅਵਗੁਣਾਂ ਦੀ ਨੀਵੀਂ ਧਰਾਤਲ ਦੀ ਬੇ-ਸ਼ਰਮੀ ਤੱਕ ਲੈ ਜਾਂਦੀ ਹੈ।

ਗੌਤਮ ਨਾਰਿ ਉਮਾਪਤਿ ਸ੍ਵਾਮੀ॥
ਸੀਸੁ ਧਰਨਿ ਸਹਸ ਭਗ ਗਾਂਮੀ॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ॥
ਬਡੋ ਨਿਲਾਜੁ ਅਜਹੂ ਨਹੀ ਹਾਰਿਓ॥ [7]

ਭਗਤ ਰਵਿਦਾਸ ਜੀ ਨੇ ਭਾਰਤੀ ਮਿਥਿਕ ਹਵਾਲਿਆਂ ਰਾਹੀਂ ਮਾਇਆ ਦੇ ਪ੍ਰਭਾਵ ਨੂੰ ਦਰਸ਼ਾਇਆ ਕਿ ਮਾਇਆ ਕਾਰਨ ਉਪਜੇ ਅਨੈਤਿਕ ਅਵਗੁਣ ਪਰਮਾਤਮਾ ਦੇ ਮਿਲਾਪ ਵਿਚ ਰੁਕਾਵਟ ਬਣਦੇ ਹਨ। ਮਾਣ-ਮਰਿਆਦਾ ਵਿਕਾਰੀ ਵਾਸ਼ਨਾਵਾਂ ਦੇ ਗੇੜ ਵਿਚ ਆ ਕੇ ਆਪਣੇ ਮੂਲ ਸਰੋਕਾਰਾਂ ਤੋਂ ਬਾਗੀ ਹੋ ਕੇ ਅਪਵਿੱਤਰਤਾ ਦਾ ਵਿਸ਼ਾਲ ਰੂਪ ਧਾਰਣ ਕਰਦੀ ਹੈ।

ਭਗਤ ਰਵਿਦਾਸ ਜੀ ਦੀ ਬਾਣੀ ਦਾ ਦੂਜਾ ਦ੍ਰਿਸ਼ਟੀਕੋਣ ਪ੍ਰੇਮਾ ਭਗਤੀ ਨਾਲ ਸੰਬੰਧਤ ਹੈ। ਇਹ ਮਨੁੱਖੀ ਆਤਮ-ਸ਼ੁੱਧਤਾ ਦਾ ਹੈ। ਅਧਿਆਤਮਵਾਦੀਆਂ ਦਾ ਵਿਚਾਰ ਹੈ ਕਿ ਪ੍ਰੇਮਾ ਭਗਤੀ ਲਈ ਨੈਤਿਕ ਗੁਣ ਸਹਾਇਕ ਹੁੰਦੇ ਹਨ। ਪਰਮਾਤਮਾ ਆਦਰਸ਼ਕ ਨੈਤਿਕ ਜੀਵਨ ਦਾ ਸਿਰਜਕ ਹੈ। ਭਗਤ ਰਵਿਦਾਸ ਜੀ ਅਨੁਸਾਰ ਪਰਮਾਤਮਾ ਦਿਆਲੂ, ਬਖਸ਼ਣਹਾਰ ਤੇ ਤਾਰਨਹਾਰ ਹੋਣ ਕਰਕੇ ਮਨੁੱਖੀ ਨੈਤਿਕ ਜੀਵਨ ਦਾ ਮਹਾਨਾਇਕ ਹੈ।

ਤੁਮ ਜੁ ਨਾਇਕ ਆਛਹੁ ਅੰਤਰਜਾਮੀ॥
ਪ੍ਰਭ ਤੇ ਜਨੁ ਜਾਨੀਐ ਜਨ ਤੇ ਸੁਆਮੀ॥ [8]

ਮਨੁੱਖੀ ਜੀਵਨ ਵਿਚ ਪੈਰ-ਪੈਰ ਤੇ ਪਰਮਤਾਮ ਮਹਾਨਾਇਕ ਦੀ ਬਖ਼ਸ਼ੀਸ਼ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਪਰਮਾਤਮਾ ਦੀ ਮਿਹਰ ਅਤੇ ਨੈਤਿਕ ਕੀਮਤਾਂ ਰਾਹੀਂ ਪ੍ਰਾਪਤ ਆਨੰਦ ਸਮਾਜਿਕ ਤੇ ਧਾਰਮਿਕ ਸਤਿਕਾਰ ਦਾ ਪਾਤਰ ਬਣਦਾ ਹੈ। ਉਹ ਕੱਟੜਪੁਣੇ ਤੇ ਅਗਿਆਨਤਾ ਦੇ ਬੰਧਨਾਂ ਤੋਂ ਕਰਦਾ ਹੈ।

ਭਗਤ ਰਵਿਦਾਸ ਜੀ ਆਪਣੀ ਸਮਾਜਿਕ ਤੇ ਧਾਰਮਿਕ ਸਥਿਤੀ ਦਾ ਤਰਾਸ਼ਦਕ ਪ੍ਰਗਟਾਵਾ ਕਰਦੇ ਹਨ ਕਿ ਭਾਵੇਂ ਮੇਰਾ ਕਰਮ, ਧਰਮ, ਜਾਤ-ਪਾਤ, ਸੰਗਤ ਮਾੜੀ ਹੈ, ਮੈਨੂੰ ਆਪਣੀ ਬਖਸ਼ੀਸ਼ ਤੋ ਬੇਦਖਲ ਨਾ ਕਰਨਾ।

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਤੀ॥
ਰਾਮ ਗੁਸਈਆ ਜੀਅ ਕੇ ਜੀਵਨਾ॥
ਮੁਹਿ ਨ ਬਿਸਾਰਹੁ ਮੈ ਜਨੁ ਤੇਰਾ॥
ਅਤੇ
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥
ਚਰਣ ਨ ਛਾਡਉ ਸਰੀਰ ਕਲ ਜਾਈ॥ [9]

ਆਪ ਜੀ ਆਪਣੇ ਨਿੱਜ ਬਾਰੇ ਬੜੀ ਦਲੇਰੀ ਤੇ ਨਿਝਜਕੱਤਾ ਰਾਹੀਂ ਆਪਣੀ ਹਸਤੀ, ਜੀਵਨ-ਵਿਵਹਾਰ ਨੂੰ ਬਿਆਨ ਕਰਦੇ ਹਨ। ਆਪ ਜੀ ਹੀਣ-ਭਾਵ ਤੋਂ ਉੱਪਰ ਉੱਠ ਕੇ ਆਤਮ-ਵਿਸ਼ਵਾਮ, ਆਤਮ-ਗਿਆਨ ਦੀ ਸੋਝੀ ਰਾਹੀਂ ਪ੍ਰਚਲਿਤ ਧਾਰਮਿਕ ਤੌਰ ਤੇ ਜਨਮ-ਜਾਤ ਤੇ ਕਿੱਤਾਮੂਲਕ ਕਰਮੀ ਮਾਨਸਿਕਤਾ ਨੂੰ ਮਾਨਤਾ ਨਹੀਂ ਦਿੰਦੇ ਹਨ। ਅਧਿਆਤਮਕ ਭਾਵਨਾਵਾਂ ਰਾਹੀਂ ਪ੍ਰਾਪਤ ਉੱਤਮ-ਮਾਨਵਤਾ ਨੂੰ ਪ੍ਰਵਾਨ ਕਰਦੇ ਹਨ।

ਭਗਤ ਰਵਿਦਾਸ ਜੀ ਅਨੁਸਾਰ ਮਨੁੱਖ ਜਾਤ-ਪਾਤ ਕਰਕੇ ਉੱਚਾ-ਨੀਵਾਂ ਨਹੀਂ ਹੁੰਦਾ ਸਗੋਂ ਕਰਮ ਕਰਕੇ ਉੱਚਾ-ਨੀਵਾਂ ਹੁੰਦਾ ਹੈ। ਮਨੁੱਖ ਵੱਲੋਂ ਧਾਰਣ ਕੀਤੇ ਗਏ ਨੈਤਿਕ ਕਰਮ ਤੇ ਅਧਿਆਤਮਕ ਕਰਮ ਸਮਾਜਿਕ ਰੁਤਬੇ ਦਾ ਕਾਰਨ ਬਣਦੇ ਹਨ। ਆਪ ਜੀ ਇਸ ਸਮਾਜਿਕ ਭ੍ਰਮ ਨੂੰ ਦੂਰ ਕਰਦੇ ਹਨ ਕਿ ਨੀਵੀਂ ਜਾਤ ਦੇ ਲੋਕ ਪਰਮਾਤਮਾ ਦੀ ਬੰਦਗੀ ਨਹੀਂ ਕਰ ਸਕਦੇ ਹਨ। ਪਰਮਾਤਮਾ ਦੀ ਬੰਦਗੀ ਕਰਦੇ-ਕਰਦੇ ਭਗਤ ਕਬੀਰ ਦਾਸ ਜੀ, ਭਗਤ ਤ੍ਰਿਲੋਚਨ, ਭਗਤ ਸਧਨਾ, ਭਗਤ ਸੈਨ, ਭਗਤ ਨਾਮਦੇਵ ਆਦਿ ਦੇ ਇਤਿਹਾਸਕ ਹਵਾਲਿਆਂ ਦੀ ਉਦਾਹਰਣ ਦੇ ਕੇ ਜਨ ਸਾਧਾਰਣ ਵਿਚ ਚੇਤਨਾ ਪੈਦਾ ਕਰਦੇ ਹਨ।

ਨੀਚਹ ਉਚ ਕਰੇ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ।
ਨਾਮਦੇਵ ਕਬੀਰ ਤਿਰਲੋਚਨ ਮਧਨਾ ਸੈਨੁ ਤਰੈ।
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥ [10]

ਭਗਤ ਰਵਿਦਾਸ ਜੀ ਬਾਣੀ ਵਿਚ ਭਗਤ ਨਾਮਦੇਵ ਭਗਤ ਕਬੀਰ ਦਾਸ ਜੀ, ਭਗਤ ਤ੍ਰਿਲੋਚਨ, ਭਗਤ ਸਧਨਾ ਜੀ, ਭਗਤ ਸੈਨ ਜੀ ਦੀਆਂ ਉਦਾਹਰਣਾਂ ਦੁਆਰਾ ਸਮਝਾਉਂਦੇ ਹਨ ਪ੍ਰੇਮਾ ਭਗਤੀ ਲਈ ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੁੰਦਾ ਹੈ। ਇਨ੍ਹਾਂ ਭਗਤ-ਜਨਾਂ ਨੂੰ ਸਮਾਜਿਕ ਤੌਰ ਤੇ ਆਪਣੇ ਆਪ ਨੂੰ ਉੱਚੇ ਸਮਝੇ ਜਾਂਦੇ ਵਿਅਕਤਿਆਂ ਵੱਲੋਂ ਨੀਵੇਂ ਅਛੂਤ ਸਮਝਿਆ ਜਾਂਦਾ ਸੀ।ਲੋਕ ਭਗਤ ਨਾਮਦੇਵ ਜੀ ਨੂੰ ਛੀਂਬਾ ਕਹਿ ਕੇ

ਆਵਾਜ਼ ਦਿੰਦੇ ਸਨ, ਭਗਤ ਕਬੀਰ ਦਾਸ ਜੀ ਨੂੰ ਜੁਲਾਹਾ ਕਹਿ ਦੇ ਪੁਕਾਰ ਦੇ ਸਨ। ਇਨ੍ਹਾਂ ਭਗਤ-ਜਨਾਂ ਨੇ ਪਰਮਾਤਮਾ ਦੀ ਪ੍ਰੇਮਾ-ਭਗਤੀ ਕਰਕੇ ਲੋਕ-ਪ੍ਰਲੋਕ ਵਿਚ ਸਨਮਾਨਿਤ ਸਥਾਨ ਪ੍ਰਾਪਤ ਕੀਤਾ। ਇਸ ਤਰ੍ਹਾਂ ਭਗਤ ਰਵਿਦਾਸ ਜੀ ਜਨਮ-ਜਾਤ ਕਰਕੇ ਸਮਾਜ ਵਿਚ ਪੈਦਾ ਹੋਈ ਅਸਮਾਨਤਾ ਨੂੰ ਦੂਰ ਕਰਦੇ ਹਨ।ਆਪ ਜੀ ਨੇ ਸਮਾਜਿਕ ਵਰਣ-ਵਿਵਸਥਾ ਨੂੰ ਇਹ ਕਹਿ ਕੇ ਨਕਾਰਿਆ ਕਿ ਪਰਮਾਤਮਾ ਦੀ ਜੋਤ ਹਰ ਜੀਵ-ਆਤਮਾ ਵਿਚ ਪ੍ਰਕਾਸ਼ਮਾਨ ਹੈ। ਜਿਹੜਾ ਪ੍ਰਾਣੀ ਪਰਮਾਤਮਾ ਦੀ ਮਿਹਰ ਦਾ ਪਾਤਰ ਬਣਦਾ ਹੈ ਉਸ ਦੀ ਜਨਮ-ਜਾਤ ਤੇ ਕਾਮ ਪ੍ਰਵਿਰਤੀ ਤੋਂ ਮੁਕਤੀ ਹੋ ਜਾਂਦੀ ਹੈ।

> ਕਹਿ ਰਵਿਦਾਸ ਜੋ ਜਪੈ ਨਾਮੁ॥
> ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ॥ [11]

ਇਸ ਤਰ੍ਹਾਂ ਭਗਤ ਜੀ ਨੀਵੀਂ ਜਾਤ ਤੇ ਉੱਚੀ ਜਾਤ ਦੇ ਵਿੱਤਕਰੇ ਨੂੰ ਵੰਗਾਰ ਦੇ ਹਨ। ਹਰ ਮਨੁੱਖੀ ਜੀਵ-ਆਤਮਾ ਪਰਮਾਤਮਾ ਦੀ ਮਿਹਰ ਦਾ ਨਾਮ ਜਪ ਕੇ ਪਰਮਤਾਮ ਮਿਹਰ ਦਾ ਪਾਤਰ ਬਣ ਸਕਦਾ ਹੈ। ਆਪ ਜੀ ਨੇ ਮਨੁੱਖਤਾ ਨੂੰ ਨੀਵੀਂ ਜਾਤ ਦੀ ਮਾਨਸਿਕ ਗ਼ੁਲਾਮੀ ਤੋਂ ਆਜ਼ਾਦ ਕਰਕੇ ਸਵੈ-ਮਾਣ ਵਾਲਾ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ ਹੈ।

ਭਗਤ ਰਵਿਦਾਸ ਜੀ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਸ਼੍ਰੇਣੀ ਵਿਚ ਜਨਮ ਲੈਣ ਵਾਲਾ ਨੈਤਿਕ ਗੁਣਾਂ ਦੀ ਸਹਾਇਤਾ ਨਾਲ ਪਰਮਾਤਮਾ ਦੀ ਪ੍ਰੇਮਾ-ਭਗਤੀ ਕਰਕੇ ਆਪ ਹੀ ਮੁਕਤ ਨਹੀਂ ਹੁੰਦਾ ਸਗੋਂ ਆਪਣੀ ਕੁਲ ਨੂੰ ਵੀ ਮੁਕਤ ਕਰਕੇ ਤਾਰ ਲੈਂਦਾ ਹੈ।

> ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
> ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥ [12]

ਭਗਤ ਰਵਿਦਾਸ ਜੀ ਭਾਰਤੀ ਸਮਾਜ ਵਿਚ ਪੈਦਾ ਹੋਈ ਵਿਸ਼ੇਸ਼ ਵਰਗ ਦੀ ਇਜਾਰੇਦਾਰੀ ਨੂੰ ਖ਼ਾਰਿਜ ਕਰਦੇ ਹਨ। ਨੈਤਿਕ ਗੁਣਾਂ ਨਾਲ ਸੰਪਨ ਹਰ ਵਿਅਕਤੀ ਬਰਾਬਰੀ ਦਾ ਹੱਕਦਾਰ ਹੈ। ਪਰਮਾਤਮਾ ਸਮਰਥ ਹੈ, ਅਨੈਤਿਕ ਤੋਂ ਅਨੈਤਿਕ ਅਵਗੁਣਾਂ ਦਾ ਧਾਰਨੀ ਵੀ ਪਰਮਾਤਮਾ ਦੀ ਪ੍ਰੇਮਾ ਭਗਤੀ ਰਾਹੀਂ ਮੁਕਤ ਹੋ ਸਕਦਾ ਹੈ। ਇਸ ਦੀ ਸਪਸ਼ਟਤਾ ਲਈ ਆਪ ਜੀ ਮਿਥਿਹਾਸਕ ਪਾਤਰ ਅਜਾਮਲ ਦਾ ਉਦਾਹਰਣ ਦਿੰਦੇ ਹਨ :

> ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ।
> ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ॥ [13]

ਇਸ ਸ਼ਬਦ ਦੇ ਮਿਥਿਹਾਸਕ ਪੱਖ ਬਾਰੇ ਪ੍ਰੋਫ਼ੈਸਰ ਸਾਹਿਬ ਸਿੰਘ ਇਸ ਤਰ੍ਹਾਂ ਵਿਆਖਿਆ ਕਰਦੇ ਹਨ :

ਅਜਾਮਲ ਕਨੌਜ ਦੇਸ਼ ਦਾ ਇਕ ਦੁਰਾਚਾਰੀ ਬ੍ਰਾਹਮਣ ਸੀ। ਜਿਸ ਨੇ ਇਕ ਵੇਸ਼ਵਾ ਨਾਲ ਵਿਆਹ ਕੀਤਾ। ਉਸ ਵੇਸ਼ਵਾ ਦੀ ਕੁੱਖੋਂ 10 ਪੁੱਤਰਾਂ ਦਾ ਜਨਮ ਹੋਇਆ। ਅਜਾਮਲ ਨੇ ਛੋਟੇ ਪੁਤੱਰ ਦਾ ਨਾਂ ਨਾਰਾਇਣ ਰੱਖਿਆ। ਅੰਤਿਮ ਸਮੇਂ ਆਪਣੇ ਛੋਟੇ ਪੁੱਤਰ ਨੂੰ ਨਾਰਾਇਣ-ਨਾਰਾਇਣ ਕਹਿ ਕੇ ਬੁਲਾਉਣ ਲੱਗਾ।ਇਸ ਤਰ੍ਹਾਂ ਅਜਾਮਲ ਦੀ ਲਿਵ ਨਾਰਾਇਣ ਭਾਵ ਪਰਮਾਤਮਾ ਨਾਲ ਜੁੜ ਗਈ। ਉਹ ਦੁਰਾਚਾਰੀ ਅਨੈਤਿਕ ਅਵਗੁਣਾਂ ਵਾਲਾ ਹੋਣ ਦੇ ਬਾਵਜੂਦ ਪ੍ਰੇਮਾ ਭਗਤੀ ਵਿਚ ਲੀਨ ਹੋਣ ਕਰਕੇ ਮੁਕਤੀ ਨੂੰ ਪ੍ਰਾਪਤ ਹੋਇਆ।

ਪਿੰਗਲਾ ਗਨਕਾ ਜਨਕਪੁਰੀ ਦੀ ਰਹਿਣ ਵਾਲੀ ਸੀ। ਉਸ ਦਾ ਮਨ ਸੁੰਦਰ ਜਵਾਨ ਉੱਤੇ ਮੋਹਿਤ ਹੋ ਗਿਆ। ਉਸ ਜਵਾਨ ਨੇ ਉਸ ਦੀ ਇੱਛਾ ਅਨੁਸਾਰ ਪਿੰਗਲਾ ਦਾ ਸਾਥ ਨਾ ਦਿੱਤਾ ਤੇ ਪਿੰਗਲਾ ਦੀ ਰਾਤ ਬੇਚੈਨੀ ਵਿਚ ਬੀਤੀ। ਅੰਤ ਨੂੰ ਉਸ ਦੇ ਮਨ ਵਿਚ ਵੈਰਾਗ ਪੈਦਾ ਹੋ ਗਿਆ ਕਿ ਜੇਕਰ ਇਨ੍ਹਾਂ ਪ੍ਰੇਮ ਮੈਂ ਪਰਮਾਤਮਾ ਨਾਲ ਕਰਦੀ ਤਾਂ ਕਿਨ੍ਹਾਂ ਚੰਗਾ ਹੁੰਦਾ। ਪਿੰਗਲਾ ਕਰਤਾਰ ਦੇ ਸਿਮਰਨ ਵਿਚ ਲੱਗ ਕੇ ਅਨੈਤਿਕ ਅਵਗੁਣਾਂ ਤੋਂ ਮੁਕਤ ਹੋ ਗਈ।

ਕੰਚਰੁ ਇਕ ਗੰਧਰਵ ਜੋ ਕੈਵਲ ਰਿੱਖੀ ਦੇ ਸ਼ਰਾਪ ਨਾਲ ਹਾਥੀ ਬਣ ਗਿਆ ਸੀ। ਵਰੁਣ ਦੇਵਤੇ ਦੇ ਤਲਾਬ ਵਿਚ ਤੇਂਦੂਏ ਨੇ ਇਸ ਨੂੰ ਗ੍ਰਸ ਲਿਆ ਸੀ। ਜਦੋਂ ਨਿਰਬਲ ਹੋ ਕੇ ਇਹ ਡੁੱਬਣ ਲੱਗਾ, ਤੱਦ ਕਮਲ ਨੂੰ ਸੁੰਡ ਵਿਚ ਲੈ ਕੇ ਈਸ਼੍ਵਰ ਨੂੰ ਅਰਾਧ ਦੇ ਹੋਏ ਇਸ ਨੇ ਸਹਾਇਤਾ ਲਈ ਪੁਕਾਰ ਕੀਤੀ। ਭਗਵਾਨ ਨੇ ਤੇਂਦੂਏ ਦੇ ਬੰਧਨਾਂ ਤੋਂ ਗਜਰਾਜ (ਕੰਚਰੁ) ਨੂੰ ਮੁਕਤ ਕੀਤਾ।

ਭਗਤ ਰਵਿਦਾਸ ਜੀ ਪ੍ਰੇਮਾ-ਭਗਤੀ ਨੂੰ ਪਰਮਾਤਮਾ ਦੀ ਪਿਆਰ-ਭਗਤੀ ਮੰਨਦੇ ਹਨ। ਇਸ ਲਈ ਬਾਰ-ਬਾਰ 'ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥' (ਅੰਗ 345) ਦੀ ਪ੍ਰਾਰਥਨਾ ਕਰਦੇ ਹਨ।ਆਪ ਜੀ ਅਨੁਸਾਰ ਪਰਮ ਅਵਸਥਾ ਦੀ ਪ੍ਰਾਪਤ ਹੀ ਅਧਿਆਤਮਕ ਪ੍ਰਾਪਤੀ ਹੈ। ਇਸ ਅਵਸਥਾ ਵਿਚ ਪਹੁੰਚ ਕੇ ਆਤਮਾ ਦੀ ਪਰਮਾਤਮਾ ਵਿਚ ਅਭੇਦਤਾ ਹੋ ਜਾਂਦੀ ਹੈ। ਮਨ ਦੇ ਸੰਸੇ-ਭ੍ਰਮ ਦੂਰ ਹੋ ਜਾਂਦੇ ਹਨ। ਭਗਤ ਜੀ ਇਸ ਅਵਸਥਾ ਤੇ ਪਹੁੰਚੀ ਜੀਵ-ਆਤਮਾ ਨੂੰ ਬੇਗਮਪੁਰਾ ਦਾ ਨਿਵਾਸੀ ਕਹਿੰਦੇ ਹਨ।

## ਹਵਾਲੇ


1. ਸਿਰੀ ਰਾਗ ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 50
2. ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 486
3. ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 486
4. ਰਾਗ ਸੋਰਿਠ ਬਾਣੀ ਭਗਤ ਰਵਿਦਾਸ ਜੀ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 658
5. ਜੈਤਸਰੀ ਬਾਣੀ ਭਗਤਾਂ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 710
6. ਰਾਮਕਲੀ ਬਾਣੀ ਭਗਤ ਰਵਿਦਾਸ ਜੀਉ ਕੀ, ਅੰਗ 973
7. ਜੈਤਸਰੀ ਬਾਣੀ ਭਗਤ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 710
8. ਸਿਰੀ ਰਾਗ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 93
9. ਰਾਗ ਗਉੜੀ ਰਵਿਦਾਸ ਜੀ ਕੇ ਪਦੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 345

10. ਰਾਗ ਮਾਰੂ ਬਾਣੀ ਰਵਿਦਾਸ ਜੀਉ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1106
11. ਰਾਗ ਬਸੰਤੁ ਬਾਣੀ ਰਵਿਦਾਸ ਜੀਉ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1196
12. ਰਾਗ ਬਿਲਾਵਲੁ ਬਾਣੀ ਰਵਿਦਾਸ ਭਗਤ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 858
13. ਰਾਗ ਕੇਦਾਰਾ ਬਾਣੀ ਰਵਿਦਾਸ ਭਗਤ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1124